ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ
(ਸਿਹਤ -2 ਸ਼ਾਖਾ)

ਸੇਵਾ ਵਿਖੇ

(1) ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ;
(2) ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ;
(3) ਡਾਇਰੈਕਟਰ, ਸਿਹਤ ਸੇਵਾਵਾਂ (ਸ.ਬ.) ਪੰਜਾਬ।

ਮੀਮੋ ਨੰ: 26/12/94-5ਸਿ2/126-128
ਮਿਤੀ, ਚੰਡੀਗੜ੍ਹ, 8-1-2010

ਵਿਸ਼ਾ: ਪੀ.ਸੀ.ਐਮ.ਐਸ./ਪੀ.ਸੀ.ਐਮ.ਐਸ.(ਡੈਂਟਲ) ਮੈਡੀਕਲ ਅਫਸਰਾਂ ਨੂੰ ਪੋਸਟ ਗਰੈਜੂਏਸ਼ਨ (ਡਿਪਲੋਮਾ/ਡਿਗਰੀ ਕੋਰਸ) ਅਤੇ ਸੁਪਰ ਸਪੈਸ਼ਲਿਟੀ ਕਰਨ ਲਈ ਇਤਰਾਜਹੀਣਤਾ ਸਰਟੀਫਿਕੇਟ ਜਾਰੀ ਕਰਨ ਬਾਰੇ ਨੀਤੀ

ਉਪਰੋਕਤ ਵਿਸ਼ੇ ਸਬੰਧੀ ਪੰਜਾਬ ਸਰਕਾਰ ਵਲੋਂ ਮੀਮੋ ਨੰ: 26/12/94-5ਸਿ2/9990, ਮਿਤੀ 13-5-1996, 26/12/94-3ਸਿ2/37003 ਤੋਂ 37003, ਮਿਤੀ 29-9-1998, 26/12/94-3ਸਿ2/12701-03, ਮਿਤੀ 21-4-1999 ਅਤੇ ਨੰ:26/12/94-4ਸਿ2/18763, ਮਿਤੀ 30-7-2007 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਨੂੰ ਸੁਪਰਸੀਡ ਕਰਦੇ ਹੋਏ ਹੇਠ ਲਿਖੇ ਅਨੁਸਾਰ ਵਿਸਥਾਰਪੂਰਵਕ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ। ਇਹ ਹਦਾਇਤਾਂ ਪੀ.ਸੀ.ਐਮ.ਐਸ./ਪੀ.ਸੀ.ਐਮ.ਐਸ.(ਡੈਂਟਲ) ਡਾਕਟਰਾਂ ਲਈ ਤੁਰੰਤ ਇਸ ਮਿਤੀ ਤੋਂ ਲਾਗੂ ਹੋਣਗੀਆਂ।

1. ਪੋਸਟ-ਗਰੈਜੂਏਸ਼ਨ (ਡਿਪਲੋਮਾ/ਡਿਗਰੀ) ਕੋਰਸ ਅਤੇ ਸੁਪਰਸਪੈਸ਼ਲਟੀ ਕੋਰਸ ਲਈ ਸਾਂਝੀਆਂ ਸ਼ਰਤਾਂ:

1.1 ਵੱਖ ਵੱਖ ਕੋਰਸ ਅਤੇ ਕੈਟਾਗਰੀ ਦੀ ਐਡਮਿਸ਼ਨ ਲਈ ਸ਼ਰਤਾਂ ਵਿਸਥਾਰ ਵਿੱਚ ਸਬੰਧਤ ਪੈਰ੍ਹਿਆਂ ਵਿੱਚ ਦਿੱਤੀਆਂ ਗਈਆਂ ਹਨ ਅਤੇ ਕੁਝ ਸ਼ਰਤਾਂ ਜੋ ਕਾਮਨ ਅਤੇ ਮਹੱਤਵਪੂਰਨ ਹਨ ਉਨ੍ਹਾਂ ਦਾ ਜਿਕਰ ਹੇਠ ਲਿਖੇ ਪੈਰ੍ਹਿਆਂ ਵਿੱਚ ਕੀਤਾ ਜਾ ਰਿਹਾ ਹੈ ਅਤੇ ਉਮੀਦਵਾਰ ਦਾ ਧਿਆਨ ਦਿਵਾਉਣਾ ਜਰੂਰੀ ਹੈ।

1.2 ਕੋਈ ਵੀ ਉਮੀਦਵਾਰ ਪੋਸਟ ਗਰੈਜੂਏਸ਼ਨ (ਡਿਪਲੋਮਾ/ਡਿਗਰੀ) ਕੋਰਸ ਅਤੇ ਸੁਪਰਸਪੈਸ਼ਲਟੀ ਦਾ ਇੰਟਰੈਂਸ ਟੈਸਟ ਜਾਂ ਕੋਈ ਇੰਟਰਵਿਊ ਲਈ ਅਪਲਾਈ ਕਰਨ ਤੋਂ ਪਹਿਲਾਂ ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ ਤੋਂ ਇਤਰਾਜ-ਹੀਣਤਾ ਸਰਟੀਫਿਕੇਟ ਹਾਸਲ ਕਰੇਗਾ। ਐਗਜਾਮ ਪਾਸ ਕਰਨ ਤੋਂ ਬਾਅਦ ਅਤੇ ਦਾਖਲਾ ਲੈਣ ਤੋਂ ਪਹਿਲਾਂ ਸਰਕਾਰ ਤੋਂ ਇਤਰਾਜ-ਹੀਣਤਾ ਸਰਟੀਫਿਕੇਟ ਹਾਸਲ ਕਰੇਗਾ।

1.3 ਡਾਕਟਰ ਨੂੰ ਇੰਟਰੈਂਸ ਟੈਸਟ/ਇੰਟਰਵਿਊ ਵਿੱਚ ਬੈਠਣ ਲਈ ਤਦੋਂ ਹੀ ਡਾਇਰੈਕਟਰ ਸਿਹਤ ਸੇਵਾਵਾਂ ਵਲੋਂ ਮਨਜੂਰੀ/ਇਤਰਾਜ-ਹੀਣਤਾ ਸਰਟੀਫਿਕੇਟ ਦਿੱਤਾ ਜਾਵੇਗਾ ਜੇਕਰ ਉਸ ਦਾ ਸਰਵਿਸ ਰਿਕਾਰਡ

ਠੀਕ ਹੋਵੇ, ਲੋੜੀਂਦੀ ਪੱਕੀ ਸੇਵਾ ਪੂਰੀ ਹੋਵੇ ਅਤੇ ਬਾਂਡ ਦੇ ਮੁਤਾਬਿਕ ਬਣਦੇ ਸਮੇਂ ਦੀ ਸਰਵਿਸ ਕੋਰਸ ਕਰਨ ਤੋਂ ਬਾਅਦ ਰਹਿੰਦੀ ਹੋਵੇ। ਇਕ ਵਾਰ ਫਿਰ ਸਪੱਸ਼ਟ ਕੀਤਾ ਜਾਂਦਾ ਹੈ ਕਿ ਸਿਰਫ ਯੋਗ ਉਮੀਦਵਾਰ ਹੀ ਡਾਇਰੈਕਟਰ ਸਿਹਤ ਸੇਵਾਂਵਾਂ ਤੋਂ ਇਤਰਾਜ-ਹੀਣਤਾ ਸਰਟੀਫਿਕੇਟ ਲੈਣ ਤੋਂ ਬਾਅਦ ਐਡਮਿਸ਼ਨ ਲਈ ਇੰਟਰੈਂਸ ਟੈਸਟ/ਇੰਟਰਵਿਊ ਵਿੱਚ ਭਾਗ ਲੈ ਸਕਦੇ ਹਨ।

1.4 ਐਡਮਿਸ਼ਨ ਹੋਣ ਤੋਂ ਬਾਅਦ ਡਾਕਟਰ ਨੂੰ ਵਿਭਾਗ ਵਲੋਂ ਤਾਂ ਹੀ ਰਲੀਵ ਕੀਤਾ ਜਾਵੇਗਾ ਜੇਕਰ ਉਹ ਪੰਜਾਬ ਸਰਕਾਰ ਨੂੰ ਇਤਰਾਜ-ਹੀਣਤਾ ਸਰਟੀਫਿਕੇਟ ਲਈ ਅਪਲਾਈ ਕਰੇਗਾ ਅਤੇ ਲੋੜੀਂਦੇ ਸਮੇਂ ਅਤੇ ਰਾਸ਼ੀ ਦਾ ਬਾਂਡ ਭਰੇਗਾ ਅਤੇ ਸਰਕਾਰ ਉਸ ਨੂੰ ਬਾਂਡ ਭਰਵਾਉਣ ਤੋਂ ਬਾਅਦ ਹੀ ਰਲੀਵ ਕਰੇਗੀ।

---

2. ਪੰਜਾਬ ਦੇ ਸਰਕਾਰੀ ਮੈਡੀਕਲ ਕਾਲਜਾਂ ਵਿੱਚ ਪੋਸਟ ਗਰੈਜੂਏਸ਼ਨ (ਡਿਪਲੋਮਾ/ਡਿਗਰੀ ਕੋਰਸ) ਲਈ 60% ਕੋਟੇ ਦੇ ਵਿਰੁੱਧ ਦਾਖਲੇ ਲਈ:

---

2.1 ਪੰਜਾਬ ਸਰਕਾਰ ਦੇ ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ ਦੇ ਸਰਕਾਰੀ ਮੈਡੀਕਲ ਕਾਲਜਾਂ ਵਿੱਚ ਪੋਸਟ ਗਰੈਜੂਏਸ਼ਨ(ਡਿਪਲੋਮਾ/ਡਿਗਰੀ ਕੋਰਸ) ਲਈ 60% ਸੀਟਾਂ ਰਾਖਵੀਆਂ ਰਖੀਆਂ ਹੋਈਆਂ ਹਨ। ਪੀ.ਸੀ.ਐਮ.ਐਸ. ਡਾਕਟਰਾਂ ਨੂੰ ਦਾਖਲੇ ਲਈ ਇਤਰਾਜਹੀਣਤਾ ਸਰਟੀਫਿਕੇਟ ਲੈਣ ਲਈ ਹੇਠ ਲਿਖੀਆਂ ਸ਼ਰਤਾਂ ਲਾਗੂ ਹੋਣਗੀਆਂ।

2.2 ਰੈਗੂਲਰ ਪੀ.ਸੀ.ਐਮ.ਐਸ. ਡਾਕਟਰ ਜਿਨ੍ਹਾਂ ਦੀ ਪੱਕੀ ਸੇਵਾ 3 ਸਾਲ ਦੀ ਹੋਵੇ,ਪਰਖਕਾਲ ਸਮਾਂ ਪੂਰਾ ਕੀਤਾ ਹੋਵੇ, ਸਰਵਿਸ ਰਿਕਾਰਡ ਠੀਕ ਹੋਵੇ ਅਤੇ ਕੋਈ ਵਿਜੀਲੈਂਸ/ਵਿਭਾਗੀ ਅਤੇ ਅਨੁਸ਼ਾਸ਼ਨਿਕ ਕਾਰਵਾਈ ਲੰਬਿਤ ਨਾ ਹੋਵੇ, 60% ਕੋਟੇ ਲਈ ਯੋਗ ਹੋਣਗੇ।

2.3 ਡਾਕਟਰ ਪੋਸਟ ਗਰੈਜੂਏਸ਼ਨ (ਡਿਪਲੋਮਾ/ਡਿਗਰੀ ਕੋਰਸ) ਲਈ ਤਦੋਂ ਹੀ ਸਿਹਤ ਵਿਭਾਗ ਵਲੋਂ ਭੇਜੇ ਜਾਣਗੇ ਜੇਕਰ ਉਨ੍ਹਾਂ ਦੀ ਸਰਵਿਸ ਪੋਸਟ ਗਰੈਜੂਏਸ਼ਨ (ਡਿਪਲੋਮਾ) ਕੰਪਲੀਟ ਕਰਨ ਤੋਂ ਬਾਅਦ 6 ਸਾਲ ਅਤੇ ਪੋਸਟ ਗਰੈਜੂਏਸ਼ਨ (ਡਿਗਰੀ) ਕੋਰਸ ਕਰਨ ਤੋਂ ਬਾਅਦ 10 ਸਾਲ ਦੀ ਰਹਿੰਦੀ ਹੋਵੇ। ਜਿਨ੍ਹਾਂ ਡਾਕਟਰਾਂ ਦੀ ਸਰਵਿਸ 6 ਜਾਂ 10 ਸਾਲ ਤੋਂ ਘੱਟ ਰਹਿੰਦੀ ਹੋਵੇਗੀ, ਉਹ 60% ਕੋਟੇ ਦੀ ਸੀਟ ਵਾਸਤੇ ਪੋਸਟ ਗਰੈਜੂਏਸ਼ਨ ਐਂਟਰੈਂਸ ਟੈਸਟ ( P.G.E.T.) ਵਿੱਚ ਭਾਗ ਲੈਣ ਲਈ ਯੋਗ ਨਹੀਂ ਹੋਣਗੇ।

2.4 ਪੀ.ਸੀ.ਐਮ.ਐਸ. ਡਾਕਟਰ ਆਪਣੇ ਕੋਰਸ ਦੇ ਸਮੇਂ ਦੌਰਾਨ ਸਰਕਾਰੀ ਮੈਡੀਕਲ ਕਾਲਜ ਵਿੱਚ ਡੈਪੂਟੇਸ਼ਨ ਤੇ ਸਮਝੇ ਜਾਣਗੇ ਪਰੰਤੂ ਉਨ੍ਹਾਂ ਨੂੰ ਡੈਪੂਟੇਸ਼ਨ ਭੱਤਾ ਨਹੀਂ ਦਿੱਤਾ ਜਾਵੇਗਾ। ਕੋਰਸ ਦਾ ਸਿਖਿਆ ਸਮਾਂ ਪੂਰਾ ਹੋਣ ਤੇ ਡਾਕਟਰ ਪੀ.ਸੀ.ਐਮ.ਐਸ. ਕਾਡਰ ਵਿੱਚ ਰਿਪੋਰਟ ਕਰਨਗੇ। ਜੇਕਰ ਕੋਈ ਡਾਕਟਰ ਮਿਥੇ ਸਮੇਂ ਵਿੱਚ ਆਪਣਾ ਕੋਰਸ ਪੂਰਾ ਨਹੀਂ ਕਰਦਾ ਤਾਂ ਵੀ ਡਾਕਟਰ ਵਾਪਸ ਸਿਹਤ ਵਿਭਾਗ ਵਿੱਚ ਰਿਵਰਟ ਹੋ ਕੇ ਪ੍ਰੀਖਿਆ ਦੇਣ ਲਈ ਬਾਕੀ ਸਮੇਂ ਦੀ ਬਣਦੀ ਛੁੱਟੀ ਲੈ ਕੇ ਕੋਰਸ ਪੂਰਾ ਕਰ ਸਕੇਗਾ।